ਦੂਜਾ ਸਮਾਗਮ

## ਪੰਜਾਬ ਵਿਧਾਨ ਸਭਾ ਸਕੱਤਰੇਤ

**ਵੀਰਵਾਰ, ਮਿਤੀ 15 ਜੂਨ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।**

### ਪਿੰਡਾਂ ਦੀਆਂ ਸੜਕਾਂ ਚੌੜੀਆਂ ਕਰਨਾ

*312. **ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ.**:-ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਢਕਾਨਸੂ-ਢਕਾਨਸੂ ਖੁਰਦ-ਦਬਾਲੀ ਕਲਾਂ-ਕੋਟਲਾ ਤੱਕ ਅਤੇ ਪਿੰਡ ਜਲਾਲਪੁਰ-ਰਾਮਪੁਰ- ਖੁਰਦ-ਬੱਲ ਮਾਜਰਾ ਅਤੇ ਮੋਹੀ ਖੁਰਦ ਤੱਕ ਦੀਆਂ ਸੜਕਾਂ ਚੌੜੀਆਂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

### ਸਿਵਲ ਹਸਪਤਾਲ ਲੌਂਗੋਵਾਲ ਵਿਖੇ ਇਨਫਰਾਸਟਰਕਚਰ ਸਬੰਧੀ

*5. **ਸ੍ਰੀ ਅਮਨ ਅਰੋੜਾ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ :-

ੳ) ਸਰਕਾਰੀ ਸਿਵਲ ਹਸਪਤਾਲ, ਲੌਂਗੋਵਾਲ, ਜਿਲ੍ਹਾ ਸੰਗਰੂਰ ਵਿੱਚ ਡਾਕਟਰਾਂ, ਨਰਸਾਂ ਅਤੇ ਹੋਰ ਅਮਲੇ ਦੀਆਂ ਸੈਕਸ਼ਨਡ ਪੋਸਟਾਂ ਦਾ ਕੈਟਾਗਰੀਵਾਈਜ ਵੇਰਵਾ ਕੀ ਹੈ;

ਅ) ਕੀ ਉਪਰੋਕਤ ਵਰਣਿਤ ਹਸਪਤਾਲ ਵਿਖੇ ਅਮਲੇ ਦੀ ਘਾਟ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ ਸ਼ੈਕਸ਼ਨਡ ਪੋਸਟਾਂ ਭਰਨ ਦੀ ਸੰਭਾਵਨਾ ਹੈ;

ੲ) ਕੀ ਭਾਗ (ੳ) ਵਿਚ ਵਰਣਿਤ ਹਸਪਤਾਲ ਵਿੱਚ ਐਕਸਰੇ, ਐਨਾਲਾਈਜ਼ਰ ਸੀ.ਬੀ.ਸੀ. ਮਸ਼ੀਨਾਂ ਆਦਿ ਮੁੱਹਈਆ ਕਰਵਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਅਮਲੀ ਰੂਪ ਦਿੱਤਾ ਜਾਵੇਗਾ?

### ਅਬੋਹਰ ਸ਼ਹਿਰ ਵਿੱਚ ਵਾਟਰ ਵਰਕਸ ਦੀ ਜਗ੍ਹਾ ਤੇ ਨਜਾਇਜ਼ ਕਬਜ਼ਾ

*412. **ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਉਨ੍ਹਾਂ ਦੇ ਨਾਂ ਕੀ ਹਨ ਜਿਨ੍ਹਾਂ ਲੋਕਾਂ ਨੇ ਰਿਕਾਰਡ ਵਿੱਚ ਹੇਰਾਫੇਰੀ ਕਰਕੇ ਅਬੋਹਰ ਸ਼ਹਿਰ ਵਿੱਚ ਵਾਟਰ ਵਰਕਸ ਦੀ ਜਗ੍ਹਾ ਤੇ ਨਜਾਇਜ ਤਰੀਕੇ ਨਾਲ ਆਪਣੇ ਨਾਮ ਤੇ ਰਜਿਸਟਰੀ ਕਰਵਾ ਕੇ ਨਜਾਇਜ਼ ਕਬਜ਼ੇ ਕੀਤੇ ਹਨ, ਅਤੇ ਸਰਕਾਰ ਵੱਲੋਂ ਇਸ ਤੇ ਕੀ ਕਾਰਵਾਈ ਕੀਤੀ ਜਾ ਰਹੀ ਹੈ?

### ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਗ੍ਰਾਂਟ ਜਾਰੀ ਕਰਨਾ

*196. **ਡਾਕਟਰ ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.**:- ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਿਛਲੇ ਢਾਈ ਸਾਲਾਂ ਦੇ ਦੌਰਾਨ ਕੇਂਦਰ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟਰਿਕ ਸਕਾਲਰਸ਼ਿਪ ਗ੍ਰਾਂਟ ਜ਼ਾਰੀ ਨਾ ਕਰਨ ਦੇ ਕਾਰਣ ਕੀ ਹਨ ਅਤੇ ਕੀ ਪਿਛਲੀ ਸਰਕਾਰ ਦੀਆਂ ਦੋ ਮਿਆਦਾਂ ਦਰਮਿਆਨ ਪੋਸਟ ਮੈਟਰਿਕ ਸਕਾਲਰਸ਼ਿਪਸ ਨਾਲ ਸਬੰਧਤ ਫੰਡ ਤਬਦੀਲ ਕੀਤੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;

ਅ) ਕੀ ਸਰਕਾਰ ਉਕਤ ਤਬਦੀਲੀ ਦੀ ਜ਼ਾਂਚ ਕਰਵਾ ਕੇ ਦੋਸ਼ੀ ਕਰਮਚਾਰੀਆਂ/ਅਧਿਕਾਰੀਆਂ ਦੇ ਵਿਰੁੱਧ ਕੋਈ ਕਾਰਵਾਈ ਕਰੇਗੀ ਅਤੇ ਭਵਿੱਖ ਵਿਚ ਅਜਿਹੀ ਤਬਦੀਲੀ ਤੇ ਰੋਕ ਲਗਾਉਣ ਲਈ ਅਨੁਸੂਚਿਤ ਜਾਤੀਆਂ ਸਬ-ਪਲਾਨ ਐਕਟ ਅਧੀਨ ਕਾਨੂੰਨ ਬਣਾਉਣ ਤੇ ਵੀ ਵਿਚਾਰ ਕਰੇਗੀ?

### ਖਰਾਬ ਪਏ ਆਰ.ਓ. ਸਿਸਟਮ ਠੀਕ ਕਰਵਾਉਣੇ

*32. **ਸ੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਿਲ੍ਹਾ ਮਾਨਸਾ ਦੇ ਬਹੁਤ ਸਾਰੇ ਪਿੰਡਾਂ ਵਿੱਚ ਆਰ.ਓ. ਸਿਸਟਮ ਖਰਾਬ ਪਏ ਹਨ ਅਤੇ ਪੀਣ ਵਾਲੇ ਪਾਣੀ ਦੀ ਬਹੁਤ ਸਮੱਸਿਆ ਆ ਰਹੀ ਹੈ;

ਅ) ਕੀ ਇਹ ਵੀ ਠੀਕ ਹੈ ਕਿ ਉਕਤ ਜਿਲ੍ਹੇ ਦੇ ਪਿੰਡਾਂ, ਸ਼ਹਿਰਾਂ/ਕਸਬਿਆਂ ਵਿੱਚ ਵਾਟਰ ਵਰਕਸ ਦੀਆਂ ਡਿੱਗੀਆਂ ਦੀ ਸਫਾਈ ਨਹੀਂ ਹੋਈ;

ੲ) ਜੇਕਰ ਭਾਗ (ੳ) ਅਤੇ (ਅ) ਦਾ ਉਤਰ ਹਾਂ ਵਿੱਚ ਹੈ ਤਾਂ ਕੀ ਇਹ ਆਰ.ਓ. ਸਿਸਟਮ ਠੀਕ ਕਰਵਾਉਣ ਅਤੇ ਡਿੱਗੀਆਂ ਦੀ ਸਫਾਈ ਕਰਵਾਉਣ ਲਈ ਸਰਕਾਰ ਵਲੋਂ ਕੋਈ ਕਦਮ ਚੁੱਕੇ ਜਾ ਰਹੇ ਹਨ?

### ਢਾਣੀਆਂ ਨੂੰ ਬਿਜਲੀ ਦੇ ਕੁਨੈਕਸ਼ਨ ਸਬੰਧੀ

*20. **ਸ੍ਰੀ ਅਰੁਣ ਨਾਰੰਗ, ਐਮ.ਐਲ.ਏ.**:- ਕੀ ਬਿਜਲੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਕੀ ਅਬੋਹਰ ਹਲਕੇ ਦੇ ਵੱਖ-ਵੱਖ ਪਿੰਡਾਂ ਦੀਆਂ ਢਾਣੀਆਂ ਵਿਖੇ ਰਹਿੰਦੇ ਵਸਨੀਕਾਂ ਨੇ ਘਰੇਲੂ ਬਿਜਲੀ ਦੇ ਕੁਨੈਕਸ਼ਨ ਲਈ ਲੋੜੀਂਦੇ ਪੈਸੇ ਬਿਜਲੀ ਬੋਰਡ ਕੋਲ ਕਾਫ਼ੀ ਸਮਾਂ ਪਹਿਲਾਂ ਭਰੇ ਹੋਏ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਨ੍ਹਾਂ ਵਸਨੀਕਾਂ ਨੂੰ ਬਿਜਲੀ ਦੇ ਕੁਨੈਕਸ਼ਨ ਕਦੋਂ ਤੱਕ ਦੇ ਦਿੱਤੇ ਜਾਣ ਦੀ ਸੰਭਾਵਨਾ ਹੈ?

### ਸਰਕਾਰੀ ਪੋਲੀਟੈਕਨਿਕ ਕਾਲਜ ਬਰੇਟਾ ਵਿਖੇ ਅਮਲੇ ਦੀ ਨਿਯੁਕਤੀ

*2. **ਸ੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਬਰੇਟਾ ਤਹਿਸੀਲ ਬੁਢਲਾਡਾ (ਮਾਨਸਾ) ਵਿਖੇ ਸਰਕਾਰੀ ਪੋਲੀਟੈਕਨਿਕ ਕਾਲਜ ਦੀ ਇਮਾਰਤ ਮੁੰਕਮਲ ਹੋ ਚੁੱਕੀ ਹੈ;

ਅ) ਕੀ ਉਪਰੋਕਤ ਵਰਣਿਤ ਕਾਲਜ ਵਿਚ ਅਮਲੇ ਦੀਆਂ ਨਿਯੁਕਤੀਆਂ ਕੀਤੀਆਂ ਜਾ ਚੁੱਕੀਆਂ ਹਨ;

ੲ) ਜੇਕਰ ਭਾਗ (ੳ) ਅਤੇ (ਅ) ਦਾ ਉਤਰ ਨਾਂਹ ਵਿਚ ਹੋਵੇ ਤਾਂ ਇਸਦੇ ਕੀ ਕਾਰਨ ਹਨ?

### ਸੁਲਤਾਨਪੁਰ ਲੋਧੀ ਵਿਖੇ ਰੈਸਟ ਹਾਊਸ ਦੀ ਉਸਾਰੀ

*199. **ਸਰਦਾਰ ਨਵਤੇਜ ਸਿੰਘ ਚੀਮਾ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੁਲਤਾਨਪੁਰ ਲੋਧੀ (ਕਪੂਰਥਲਾ) ਵਿਚ ਪੀ.ਡਬਲਯੂ. ਡੀ ਰੈਸਟ ਹਾਊਸ ਦੀ ਹਾਲਤ ਬਹੁਤ ਖਸਤਾ ਹੈ ਅਤੇ ਇਹ ਰਹਿਣ ਦੇ ਯੋਗ ਨਹੀਂ ਹੈ;

ਅ) ਕੀ ਸਰਕਾਰ ਸੁਲਤਾਨਪੁਰ ਲੋਧੀ ਵਿਚ ਇਕ ਨਵਾਂ ਅਤੇ ਜਿਆਦਾ ਜਗ੍ਹਾ ਵਾਲੇ ਰੈਸਟ ਹਾਊਸ ਦੀ ਉਸਾਰੀ ਕਰਨ ਤੇ ਵਿਚਾਰ ਕਰੇਗੀ?

### ਆਟਾ ਦਾਲ ਸਕੀਮ ਨਾਲ ਸਬੰਧਤ ਕਾਰਡ ਧਾਰਕ

*319. **ਸ੍ਰੀ ਨੱਥੂ ਰਾਮ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਬਲੂਆਣਾ ਵਿੱਚ ਆਟਾ ਦਾਲ ਸਕੀਮ ਤਹਿਤ ਜਨਰਲ, ਐਸ.ਸੀ. ਅਤੇ ਬੀ.ਸੀ. ਸ੍ਰੇਣੀਆਂ ਨਾਲ ਸਬੰਧਤ ਕਾਰਡ ਧਾਰਕ ਪਰਿਵਾਰਾਂ ਦੀ ਵੱਖ-ਵੱਖ ਗਿਣਤੀ ਕਿੰਨੀ-ਕਿੰਨੀ ਹੈ?

ਪਰਤੋਂ ਜੀ....

**ਸਰਕਾਰੀ ਹਸਪਤਾਲ ਸ਼ੁਤਰਾਣਾ ਦੀ ਨਵ-ਉਸਾਰੀ ਅਤੇ ਸ਼ੁਤਰਾਣਾ ਅਤੇ ਪਾਤੜਾਂ ਵਿਖੇ ਖਾਲੀ ਅਸਾਮੀਆਂ ਨੂੰ ਭਰਨਾ**

***66. ਸਰਦਾਰ ਨਿਰਮਲ ਸਿੰਘ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰੀ ਹਸਪਤਾਲ, ਸ਼ੁਤਰਾਣਾ ਦੀ ਇਮਾਰਤ ਦੀ ਨਵ-ਉਸਾਰੀ ਕਰਨ ਅਤੇ ਮੈਡੀਕਲ ਅਤੇ ਪੈਰ੍ਹਾ ਮੈਡੀਕਲ ਸਟਾਫ ਦੀਆਂ ਮੰਨਜੂਰਸ਼ੁਦਾ ਅਸਾਮੀਆਂ ਨੂੰ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

ਅ) ਸਰਕਾਰੀ ਹਸਪਤਾਲ, ਪਾਤੜਾਂ ਵਿਖੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਮੰਨਜੂਰਸ਼ੁਦਾ ਅਸਾਮੀਆਂ ਕਿੰਨੀਆਂ ਹਨ ਅਤੇ ਇਨ੍ਹਾਂ ਵਿਚੋਂ ਕਿੰਨੀਆਂ ਆਸਾਮੀਆਂ ਖਾਲੀ ਹਨ; ਕੀ ਖਾਲੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਕੋਈ ਉਪਰਾਲਾ ਕੀਤਾ ਜਾ ਰਿਹਾ ਹੈ?

**ਸੁਨਾਮ (ਸ਼ਹੀਦ ਊਧਮ ਸਿੰਘ ਵਾਲਾ) ਵਿਖੇ ਫਾਇਰ ਬ੍ਰਿਗੇਡ ਦਾ ਪ੍ਰਬੰਧ ਕਰਵਾਉਣ ਸਬੰਧੀ**

***6. ਸ੍ਰੀ ਅਮਨ ਅਰੋੜਾ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੁਨਾਮ (ਸ਼ਹੀਦ ਊਧਮ ਸਿੰਘ ਵਾਲਾ) ਜਿਲ੍ਹਾ ਸੰਗਰੂਰ ਵਿਖੇ ਫਾਇਰ ਬ੍ਰੀਗੇਡ ਦਾ ਕੋਈ ਪ੍ਰਬੰਧ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਉਥੇ ਫਾਇਰ ਬ੍ਰੀਗੇਡ ਦਾ ਕਦੋਂ ਤੱਕ ਪ੍ਰਬੰਧ ਕੀਤੇ ਜਾਣ ਦੀ ਸੰਭਾਵਨਾ ਹੈ?

**ਗੁੱਜਰ ਬਰਾਦਰੀ ਨੂੰ ਪੱਛੜੀ ਸ਼੍ਰੇਣੀ ਵਜੋਂ ਘੋਸ਼ਿਤ ਕਰਨਾ**

***268. ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.**:- ਕੀ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਸਰਕਾਰ ਵੱਲੋਂ ਗੁੱਜਰ ਬਰਾਦਰੀ ਨੂੰ ਪੱਛੜੀ ਸ਼੍ਰੇਣੀ ਘੋਸ਼ਿਤ ਕੀਤਾ ਹੋਇਆ ਹੈ;

ਅ) ਜੇਕਰ ਉਪਰਕੋਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਇਸ ਦੀ ਪਾਲਣਾ ਕਰਦੇ ਹੋਏ ਗੁੱਜ਼ਰ ਬਰਾਦਰੀ ਨੂੰ ਬੀ.ਸੀ ਦੇ ਸਰਟੀਫਿਕੇਟ ਬਣਾਕੇ ਦਿੱਤੇ ਜਾਂਦੇ ਹਨ?

**ਰਾਜਪੁਰਾ/ਘਨੌਰ ਹਲਕਿਆਂ ਵਿਚ ਸੋਲਰ ਲਾਈਟਾਂ ਲਗਾਉਣਾ**

***103. ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜਪੁਰਾ ਅਤੇ ਘਨੌਰ ਹਲਕਿਆਂ ਵਿੱਚ ਸੋਲਰ ਲਾਈਟਾਂ ਕਦੋਂ ਲਗਾਈਆਂ ਗਈਆਂ ਅਤੇ ਇਨ੍ਹਾਂ ਨੂੰ ਲਗਾਉਣ ਲਈ ਕੀ ਪ੍ਰੋਸੀਜਰ ਅਪਣਾਇਆ ਗਿਆ;

ਅ) ਉਕਤ ਸੋਲਰ ਲਾਈਟਾਂ ਲਗਾਉਣ ਲਈ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਕੀ ਇਹ ਲਾਈਟਾਂ ਲਗਾਉਣ ਦਾ ਪ੍ਰਾਜੈਕਟ ਪੂਰਾ ਹੋ ਚੁੱਕਿਆ ਹੈ ਅਤੇ ਕੀ ਇਹ ਲਾਈਟਾਂ ਚਾਲੂ ਹਾਲਤ ਵਿੱਚ ਹਨ?

**ਬਿਸਤ ਦੋਆਬ ਨਹਿਰ ਤੋਂ ਪਾਣੀ ਦੀ ਸਪਲਾਈ**

***53. ਸ਼੍ਰੀ. ਸੁਖਵਿੰਦਰ ਕੁਮਾਰ, ਐਮ.ਐਲ.ਏ.**:- ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਬਿਸਤ ਦੋਆਬ ਨਹਿਰ ਨੂੰ ਪੱਕੀ ਕਰਨ ਦੇ ਕੰਮ ਦੀ ਅਜੋਕੀ ਸਥਿਤੀ ਕੀ ਹੈ ਅਤੇ ਕੀ ਆਉਂਣ ਵਾਲੇ ਪੈਡੀ ਸੀਜਨ ਲਈ ਇਸ ਨਹਿਰ ਤੋਂ ਕਿਸਾਨਾਂ ਨੂੰ ਸਿੰਚਾਈ ਦੇ ਮੰਤਵ ਲਈ ਪਾਣੀ ਦੇਣ ਦੀ ਸੰਭਾਵਨਾ ਹੈ?

**ਸਰਕਾਰੀ ਤਕਨੀਕੀ ਕਾਲਜ਼ ਦਾ ਨਾਂ ਬਦਲਣਾ**

***162. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦਸਣਗੇ ਕਿ ਕੀ ਸਰਕਾਰ ਸਰਕਾਰੀ ਤਕਨੀਕੀ ਕਾਲਜ, ਬਠਿੰਡਾ ਦਾ ਨਾਮ ਬਦਲ ਕੇ ਸਵਰਗਵਾਸੀ ਗਿਆਨੀ ਜ਼ੈਲ ਸਿੰਘ ਦੇ ਨਾਮ ਤੇ ਰੱਖਣ ਸਬੰਧੀ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਨਾਮ ਕਦੋਂ ਤੱਕ ਬਦਲਿਆ ਜਾਵੇਗਾ?

**ਰਾਜ ਵਿੱਚ ਮਹਿਲਾ ਸਸ਼ਕਤੀਕਰਨ ਲਈ ਚੁੱਕੇ ਗਏ ਕਦਮ**

***248. ਡਾਕਟਰ ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.**:- ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਮਾਜ ਵਿਚ ਮੌਜੂਦਾ ਹਾਲਾਤਾਂ ਅਧੀਨ ਸਰਕਾਰ ਦੁਆਰਾ ਮਹਿਲਾਂ ਸਸ਼ਕਤੀਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ;

ਅ) ਕੀ ਇਹ ਠੀਕ ਹੈ ਕਿ ਇਸਤਰੀਆਂ ਰੁਜ਼ਗਾਰ ਪ੍ਰਾਪਤ ਕਰਨ ਵਿਚ ਔਕੜਾਂ ਦਾ ਸਾਹਮਣਾ ਕਰ ਰਹੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਦੁਆਰਾ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਕਰਨ ਅਤੇ ਸਵੈ-ਰੁਜਗਾਰ ਅਤੇ ਉਨ੍ਹਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਉਤਸ਼ਾਹਿਤ ਕਰਨ ਲਈ ਕੋਈ ਕਦਮ ਚੁੱਕੇ ਜਾਣ ਦੀ ਤਜਵੀਜ ਹੈ?

**ਪੀ.ਐਚ.ਸੀ. ਘਨੌਰ ਵਿਚ ਡਾਕਟਰਾਂ ਦੀ ਤਾਇਨਾਤੀ**

***104. ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪ੍ਰਾਇਮਰੀ ਹੈਲਥ ਸੈਂਟਰ, ਘਨੋਰ ਵਿਖੇ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਮਨਜੂਰਸ਼ੁਦਾ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਸਮੇਂ ਇਨ੍ਹਾਂ ਅਸਾਮੀਆਂ ਤੇ ਕਿਹੜੇ ਕਿਹੜੇ ਡਾਕਟਰ ਅਤੇ ਹੋਰ ਸਟਾਫ ਤੈਨਾਤ ਹੈ ਅਤੇ ਖਾਲੀ ਪਈਆਂ ਆਸਾਮੀਆਂ ਦੇ ਵੇਰਵੇ ਕੀ ਹੈ?

**ਸ਼ਹਿਰ ਨਿਵਾਸੀਆਂ ਨੂੰ 24 ਘੰਟੇ ਪਾਣੀ ਦੀ ਸਪਲਾਈ**

***52. ਸਰਦਾਰ ਕੰਵਰਜੀਤ ਸਿੰਘ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਕਸਬਾ ਬਾਰੀਵਾਲਾ ਮੰਡੀ ਵਿੱਚ ਵਾਟਰ ਵਰਕਸ ਨੂੰ ਕੱਸੀ ਦੁਆਰਾ ਦਿੱਤੇ ਜਾ ਰਹੇ ਪਾਣੀ ਦੀ ਬਜਾਏ ਸਰਹਿੰਦ ਕੈਨਾਲ ਵਿੱਚੋਂ ਸ਼ਹਿਰ ਨਿਵਾਸੀਆਂ ਨੂੰ 24 ਘੰਟੇ ਪਾਣੀ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੋਂ?

**ਪਿੰਡ ਤੋਤਾਪੁਰੀ ਦੇ ਗੰਦੇ ਪਾਣੀ ਦੀ ਨਿਕਾਸੀ ਕਰਨਾ**

***149. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਅਮਰਗੜ੍ਹ ਵਿਚ ਪੈਂਦੇ ਪਿੰਡ ਤੋਤਾਪੁਰੀ ਵਿੱਚੋ ਗੰਦੇ ਪਾਣੀ ਦੀ ਨਿਕਾਸੀ ਲਈ ਲੋੜੀਂਦੇ ਪ੍ਰਬੰਧ ਕਰਨ ਅਤੇ ਇਸ ਪਾਣੀ ਨੂੰ ਇੱਕਠਾ ਕਰਨ ਲਈ ਜਗ੍ਹਾ ਦਾ ਪ੍ਰਬੰਧ ਕਰਨ ਲਈ ਵਿਚਾਰ ਕਰ ਰਹੀ ਹੈ; ਜੇਕਰ ਕਰ ਰਹੀ ਹੈ ਤਾਂ ਇਹ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਹਲਕਾ ਸ਼ੁਤਰਾਣਾ ਦੇ ਖਾਲਿਆਂ ਅਤੇ ਸੂਇਆਂ ਦੀ ਸਫਾਈ**

***67. ਸਰਦਾਰ ਨਿਰਮਲ ਸਿੰਘ, ਐਮ.ਐਲ.ਏ.**:- ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ਼ੁਤਰਾਣਾ ਹਲਕੇ ਵਿੱਚ ਪੈਂਦੇ ਖਾਲਿਆਂ ਅਤੇ ਸੂਇਆਂ ਦੀ ਸਫਾਈ ਕਦੋਂ ਕਰਵਾਈ ਗਈ ਸੀ ਅਤੇ ਕੀ ਇਸ ਵਿੱਤੀ ਸਾਲ ਦੌਰਾਨ ਇਨ੍ਹਾਂ ਸੂਇਆਂ ਅਤੇ ਖਾਲਿਆਂ ਦੀ ਸਫਾਈ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।

**ਚੰਡੀਗੜ੍ਹ**
**ਮਿਤੀ 13 ਜੂਨ, 2017**